# ਕਰਾਊਨ ਕੌਂਸਲ ਦੀ ਪਾਲਸੀ ਦੀ ਨੇਮਾਵਲੀ – ਜਾਣ-ਪਛਾਣ

ਲਾਗੂ ਹੋਣ ਦੀ ਤਾਰੀਕ:

1 ਮਾਰਚ, 2018

## ਮੰਤਵ

ਕਾਨੂੰਨ ਦੇ ਰਾਜ ਲਈ ਨਿਰਪੱਖ, ਵਾਜਬ ਅਤੇ ਅਸਰਦਾਰ ਮੁਕੱਦਮੇ ਜ਼ਰੂਰੀ ਹਨ। ਪਾਲਸੀ ਦੀਆਂ ਚੰਗੀ ਤਰ੍ਹਾਂ ਤਿਆਰ ਕੀਤੀਆਂ ਗਈਆਂ ਸੇਧਾਂ ਨਿਆਂ ਦੇ ਸਿਸਟਮ (ਜਸਟਿਸ ਸਿਸਟਮ) ਵਿਚ ਵਾਧਾ ਕਰਦੀਆਂ ਹਨ ਜਿਸ ਨਾਲ ਔਖੇ ਫੈਸਲੇ ਕਰਨ ਵਿਚ ਕਰਾਊਨ ਕੌਂਸਲ (ਸਰਕਾਰੀ ਵਕੀਲ) ਦੀ ਮਦਦ ਹੁੰਦੀ ਹੈ ਜਿਹੜੇ ਉਨ੍ਹਾਂ ਲਈ ਲੋਕਾਂ ਦੇ ਹਿੱਤ ਵਿਚ ਕਰਨੇ ਜ਼ਰੂਰੀ ਹੁੰਦੇ ਹਨ।

ਕਰਾਊਨ ਕੌਂਸਲ ਦੀ ਪਾਲਸੀ ਦੀ ਨੇਮਾਵਲੀ (ਕਰਾਊਨ ਕੌਂਸਲ ਪੌਲਸੀ ਮੈਨੂਅਲ) ਆਪਣੇ ਫਰਜ਼ ਨਿਭਾਉਣ ਵਿਚ ਕਰਾਊਨ ਕੌਂਸਲ ਨੂੰ ਆਮ ਅਤੇ ਹਾਲਤ ਮੁਤਾਬਕ ਸੇਧ ਦਿੰਦੀ ਹੈ, ਸਮੇਤ ਮੁਕੱਦਮੇ ਬਾਰੇ ਬੁਨਿਆਦੀ ਵਿਚਾਰਾਂ ਦੇ ਜਿਵੇਂ ਕਿ ਚਾਰਜ ਬਾਰੇ ਵਿਚਾਰ ਕਰਨਾ, ਬਦਲਵੇਂ ਕਦਮ ਅਤੇ ਹੱਲ ਕਰਨ ਬਾਰੇ ਗੱਲਬਾਤਾਂ ਕਰਨਾ।

ਇਹ ਪਾਲਸੀਆਂ ਜਨਤਕ ਦਸਤਾਵੇਜ਼ ਹਨ। ਇਨ੍ਹਾਂ ਨੂੰ ਛਾਪਣ ਨਾਲ ਪਾਰਦਰਸ਼ਤਾ ਦਾ ਟੀਚਾ ਪੂਰਾ ਹੁੰਦਾ ਹੈ। ਇਸ ਨਾਲ ਇਹ ਸਮਝਾਉਣ ਵਿਚ ਮਦਦ ਹੁੰਦੀ ਹੈ ਕਿ ਮੁਕੱਦਮਾ ਚਲਾਉਣ ਦੀਆਂ ਸੇਵਾਵਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ ਅਤੇ ਨਿੱਜੀ ਕੇਸਾਂ ’ਤੇ ਲੋਕ ਹਿੱਤਾਂ ਵਿਚ ਸਰਕਾਰੀ ਵਕੀਲ (ਪ੍ਰੌਸੀਕਿਊਟਰਜ਼) ਆਪਣੀ ਸੰਵਿਧਾਨਕ ਆਜ਼ਾਦੀ ਕਿਵੇਂ ਵਰਤਦੇ ਹਨ।

ਕਰਾਊਨ ਕੌਂਸਲ ਦੀ ਪਾਲਸੀ ਦੀ ਨੇਮਾਵਲੀ (ਕਰਾਊਨ ਕੌਂਸਲ ਪੌਲਸੀ ਮੈਨੂਅਲ) ਦਾ ਕੋਈ ਕਾਨੂੰਨੀ ਦਰਜਾ ਨਹੀਂ ਹੈ। ਇਹ ਕਿਸੇ ਵੀ ਤਰ੍ਹਾਂ *ਕ੍ਰਿਮੀਨਲ ਕੋਡ, ਕੈਨੇਡੀਅਨ ਚਾਰਟਰ ਔਫ ਰਾਈਟਸ ਐਂਡ ਫ੍ਰੀਡਮਜ਼* ਜਾਂ ਲਾਗੂ ਹੋਣ ਵਾਲੇ ਕਿਸੇ ਵੀ ਹੋਰ ਕਾਨੂੰਨ ਨੂੰ ਰੱਦ ਨਹੀਂ ਕਰਦੀ ਅਤੇ ਇਸ ਦਾ ਮਕਸਦ ਲੋਕਾਂ ਨੂੰ ਕਾਨੂੰਨੀ ਸਲਾਹ ਦੇਣਾ ਜਾਂ ਕੋਈ ਅਜਿਹੇ ਅਧਿਕਾਰ ਪੈਦਾ ਕਰਨਾ ਨਹੀਂ ਹੈ ਜਿਹੜੇ ਕਿਸੇ ਵੀ ਕਾਨੂੰਨੀ ਕਾਰਵਾਈ ਵਿਚ ਕਾਨੂੰਨ ’ਤੇ ਲਾਗੂ ਹੋ ਸਕਦੇ ਹੋਣ।

## ਸ਼ਬਦਾਂ ਦੇ ਅਰਥ

ਬੀ ਸੀ ਪ੍ਰੌਸੀਕਿਊਸ਼ਨ ਸਰਵਿਸ, ਮਨਿਸਟਰੀ ਔਫ ਅਟਾਰਨੀ ਜਨਰਲ ਦੀ ਕ੍ਰਿਮੀਨਲ ਜਸਟਿਸ ਬਰਾਂਚ ਹੈ (ਜਿਸ ਨੂੰ “ਬਰਾਂਚ” ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ)। ਇਹ ਸ਼ਬਦ ਕਰਾਊਨ ਕੌਂਸਲ ਦੀ ਪਾਲਸੀ ਦੀ ਨੇਮਾਵਲੀ ਵਿਚ ਇਕ ਦੂਜੇ ਦੀ ਥਾਂ ’ਤੇ ਵਰਤੇ ਜਾ ਸਕਦੇ ਹਨ। ਇਸ ਤੋਂ ਇਲਾਵਾ, ਇਸ ਨੇਮਾਵਲੀ ਵਿਚ ਪਾਲਸੀ ਦਾ ਕੋਈ ਹਵਾਲਾ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੀ ਪਾਲਸੀ ਦਾ ਹਵਾਲਾ ਹੈ, ਜੇ ਕਿਸੇ ਹੋਰ ਤਰ੍ਹਾਂ ਨੋਟ ਨਹੀਂ ਕੀਤਾ ਗਿਆ ਤਾਂ।

ਕਰਾਊਨ ਕੌਂਸਲ ਦੀ ਪਾਲਸੀ ਦੀ ਨੇਮਾਵਲੀ ਵਿਚ “ਚਾਹੀਦਾ ਹੈ” ਅਤੇ “ਜ਼ਰੂਰੀ ਹੈ” ਸ਼ਬਦਾਂ ਵਿਚਕਾਰ ਇਕ ਮਹੱਤਵਪੂਰਨ ਫਰਕ ਵੀ ਦਿੱਤਾ ਗਿਆ ਹੈ।

> “ਕਰਾਊਨ ਕੌਂਸਲ ਨੂੰ ਚਾਹੀਦਾ ਹੈ” ਦਾ ਮਤਲਬ ਹੈ ਕਿ ਕਰਾਊਨ ਕੌਂਸਲ (ਸਰਕਾਰੀ ਵਕੀਲ) ਆਮ ਤੌਰ ’ਤੇ ਪਾਲਸੀ ਦੀਆਂ ਗਾਈਡਲਾਈਨਾਂ ਦੀ ਪਾਲਣਾ ਕਰੇਗਾ, ਜੇ ਉਹ ਇਹ ਫੈਸਲਾ ਨਹੀਂ ਕਰਦੇ ਕਿ ਇਨਸਾਫ ਦੇ ਹਿੱਤ ਪਾਲਸੀ ਗਾਈਡਲਾਈਨ ਤੋਂ ਉਲਟ ਫੈਸਲੇ ਦੀ ਮੰਗ ਕਰਦੇ ਹਨ।”
>
> “ਕਰਾਊਨ ਕੌਂਸਲ ਲਈ ਜ਼ਰੂਰੀ ਹੈ” *ਕਰਾਊਨ ਕੌਂਸਲ ਐਕਟ* ਦੇ ਸੈਕਸ਼ਨ 4 (3) ਅਧੀਨ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ) ਵਲੋਂ ਦਿੱਤਾ ਗਿਆ ਇਕ ਨਿਰਦੇਸ਼ ਹੈ।

## ਵਿਜ਼ਨ, ਮਿਸ਼ਨ ਅਤੇ ਕਦਰਾਂ-ਕੀਮਤਾਂ

ਬਰਾਂਚ ਦਾ ਵਿਜ਼ਨ, ਮਿਸ਼ਨ ਅਤੇ ਕਦਰਾਂ-ਕੀਮਤਾਂ ਬਰਾਂਚ ਦੀ ਪਾਲਸੀ ਬਣਾਉਣ ਅਤੇ ਇਸ ਦੇ ਅਰਥ ਕੱਢਣ ਦਾ ਅਨਿੱਖੜਵਾਂ ਅੰਗ ਹਨ। ਇਹ ਅਜਿਹੀ ਬੁਨਿਆਦ ਪ੍ਰਦਾਨ ਕਰਦੇ ਹਨ ਜਿਹੜੀ ਬਰਾਂਚ ਦੇ ਸਾਰੇ ਮੈਂਬਰਾਂ ਨੂੰ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਲਈ ਸੇਧ ਦਿੰਦੀ ਹੈ।

## ਬਰਾਂਚ ਦਾ ਆਦੇਸ਼

*ਕਰਾਊਨ ਕੌਂਸਲ ਐਕਟ,* ਆਰ.ਐੱਸ.ਬੀ.ਸੀ. 1996, ਸੀ.87 ਅਧੀਨ, ਬਰਾਂਚ ਕਰਾਊਨ ਦੀ ਤਰਫੋਂ ਸਾਰੇ ਕ੍ਰਿਮੀਨਲ ਅਤੇ ਕਾਨੂੰਨੀ ਮੁਕੱਦਮੇ ਮਨਜ਼ੂਰ ਕਰਨ ਅਤੇ ਲੜਨ ਅਤੇ ਉਹ ਅਪੀਲਾਂ ਕਰਨ ਲਈ ਜ਼ਿੰਮੇਵਾਰ ਹੈ ਜਿਹੜੇ ਕੈਨੇਡਾ ਸਰਕਾਰ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੇ। ਬਰਾਂਚ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ("ਏ ਡੀ ਏ ਜੀ") ਵਲੋਂ ਚਲਾਈ ਜਾਂਦੀ ਹੈ ਜੋ ਕਿ ਸੈਕਸ਼ਨ 3(2) ਅਧੀਨ, *ਕ੍ਰਿਮੀਨਲ ਕੋਡ* ਦੇ ਮੰਤਵਾਂ ਲਈ ਅਟਾਰਨੀ ਜਨਰਲ ਦਾ ਕਾਨੂੰਨੀ ਡਿਪਟੀ ਨਿਯੁਕਤ ਹੈ। ਬਦਲੇ ਵਿਚ, ਏ ਡੀ ਏ ਜੀ, ਕਰਾਊਨ ਦੀ ਤਰਫੋਂ ਮੁਕੱਦਮਿਆਂ ਅਤੇ ਅਪੀਲਾਂ ਨੂੰ ਮਨਜ਼ੂਰ ਕਰਨ ਅਤੇ ਚਲਾਉਣ ਲਈ ਕਰਾਊਨ ਕੌਂਸਲ (ਸਰਕਾਰੀ ਵਕੀਲ), *ਐਡ ਹੌਕ* ਲੀਗਲ ਕੌਂਸਲ, ਅਤੇ ਖਾਸ ਸਰਕਾਰੀ ਵਕੀਲ ਥਾਪਦਾ ਜਾਂ ਨਿਯੁਕਤ ਕਰਦਾ ਹੈ।

*ਕਰਾਊਨ ਕੌਂਸਲ ਐਕਟ* ਅਟਾਰਨੀ ਜਨਰਲ ਰਾਹੀਂ ਬਰਾਂਚ ਅਤੇ ਸਰਕਾਰ ਵਿਚਕਾਰ ਸੰਬੰਧਾਂ ਨੂੰ ਵੀ ਚਲਾਉਂਦਾ ਹੈ ਅਤੇ ਬਰਾਂਚ ਨੂੰ ਆਪਣਾ ਆਦੇਸ਼ ਪੂਰਾ ਕਰਨ ਲਈ ਕਾਫੀ ਜ਼ਿਆਦਾ ਆਜ਼ਾਦੀ ਪ੍ਰਦਾਨ ਕਰਦਾ ਹੈ। ਇਹ ਮੰਗ ਕਰਦਾ ਹੈ ਕਿ ਬਰਾਂਚ ਦੀ ਪਾਲਸੀ ਜਾਂ ਖਾਸ ਮੁਕੱਦਮਿਆਂ ਬਾਰੇ ਅਟਾਰਨੀ ਜਨਰਲ ਦੀਆਂ ਕੋਈ ਵੀ ਸੇਧਾਂ ਲਿਖਤੀ ਰੂਪ ਵਿਚ ਹੋਣ ਜੋ ਕਿ ਬੀ ਸੀ ਗਜ਼ਟ ਵਿਚ ਛਾਪੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ, ਇਹ ਆਜ਼ਾਦੀ ਦਾ ਜਵਾਬਦੇਹੀ ਨਾਲ ਸੰਤੁਲਨ ਰੱਖਦਾ ਹੈ।

## ਕਰਾਊਨ ਕੌਂਸਲ ਦਾ ਰੋਲ

ਕਰਾਊਨ ਕੌਂਸਲ ਨੂੰ ਅਦਾਲਤਾਂ ਵਲੋਂ "ਇਨਸਾਫ ਦੇ ਮਨਿਸਟਰ" ਕਿਹਾ ਗਿਆ ਹੈ। ਉਨ੍ਹਾਂ ਦੇ ਕੰਮਾਂ ਨੂੰ *"ਅਰਧ-ਅਦਾਲਤੀ"* ਕਿਹਾ ਗਿਆ ਹੈ। ਕਰਾਊਨ ਕੌਂਸਲ ਲਈ ਆਪਣੇ ਅਖਤਿਆਰ ਨੂੰ ਵਾਜਬਤਾ ਨਾਲ, ਨਿਰਪੱਖਤਾ ਨਾਲ, ਨੇਕਨੀਤੀ ਨਾਲ, ਅਤੇ ਸਭ ਤੋਂ ਉੱਚੇ ਨੈਤਿਕ ਮਿਆਰਾਂ ਮੁਤਾਬਕ ਵਰਤਣਾ ਜ਼ਰੂਰੀ ਹੈ। ਰਾਜਨੀਤਕ, ਨਿੱਜੀ, ਅਤੇ ਪ੍ਰਾਈਵੇਟ ਵਿਚਾਰਾਂ ਦਾ ਮੁਕੱਦਮਿਆਂ ਦੀ ਕਾਰਵਾਈ 'ਤੇ ਕੋਈ ਅਸਰ ਨਾ ਹੋਣਾ ਜ਼ਰੂਰੀ ਹੈ। ਸਾਡੇ ਜਸਟਿਸ ਸਿਸਟਮ ਵਿਚ ਕਰਾਊਨ ਕੌਂਸਲ ਦੇ ਰੋਲ ਅਤੇ ਕੰਮ ਨੂੰ ਅਦਾਲਤਾਂ ਵਲੋਂ ਅੱਗੇ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ:

> *ਸਰਕਾਰੀ ਵਕੀਲ ਦਾ ਰੋਲ ਜਿੱਤਣ ਜਾਂ ਹਾਰਨ ਦੇ ਇਰਾਦੇ ਨੂੰ ਬਾਹਰ ਰੱਖਦਾ ਹੈ; ਉਸ ਦਾ ਕੰਮ ਜਨਤਕ ਫਰਜ਼ ਦਾ ਮਾਮਲਾ ਹੈ, ਜਿਹੜਾ ਸਮਾਜਿਕ ਜ਼ਿੰਦਗੀ ਵਿਚ ਇਸ ਨਾਲੋਂ ਜ਼ਿਆਦਾ ਜ਼ਿੰਮੇਵਾਰੀ ਵਾਲਾ ਨਹੀਂ ਹੋ ਸਕਦਾ। ਇਹ ਜ਼ਿੰਮੇਵਾਰੀ ਮਾਣ ਦੀ ਜੁੜੀ ਹੋਈ ਭਾਵਨਾ, ਗੰਭੀਰਤਾ ਅਤੇ ਅਦਾਲਤੀ ਕਾਰਵਾਈਆਂ ਦੀ ਨਿਰਪੱਖਤਾ ਨਾਲ ਕਾਰਗਰ ਤਰੀਕੇ ਨਾਲ ਨਿਭਾਈ ਜਾਣੀ ਚਾਹੀਦੀ ਹੈ।*
>
> (R v Boucher (1954), 110 CCC 263 (SCC) at 270, Rand J.)

> *ਇਨਸਾਫ ਕਰਵਾਉਣ ਲਈ ਕਰਾਊਨ ਅਟਾਰਨੀ (ਸਰਕਾਰੀ ਵਕੀਲ) ਦੇ ਰੋਲ ਦੀ ਅਦਾਲਤਾਂ ਅਤੇ ਕਮਿਊਨਟੀ ਵਿਚ ਬਹੁਤ ਜ਼ਿਆਦਾ ਮਹੱਤਤਾ ਹੈ। ਧਮਕੀਆਂ ਅਤੇ ਡਰਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਰਾਊਨ ਕੌਂਸਲ ਲਈ ਦਲੇਰੀ ਨਾਲ ਕਾਰਵਾਈ ਕਰਨਾ ਜ਼ਰੂਰੀ ਹੈ... ਜ਼ਰੂਰੀ ਹੈ ਕਿ ਕਰਾਊਨ ਪ੍ਰੌਸੀਕਿਊਟਰ ਇਨਸਾਫ ਦਾ ਇਕ ਚਿੰਨ੍ਹ, ਸਾਰੇ ਵਾਜਬ ਪ੍ਰਗਟਾਵੇ ਕਰਨ ਲਈ ਤਿਆਰ ਅਤੇ ਗਵਾਹਾਂ ਦੀ ਭਲਾਈ ਅਤੇ ਸੁਰੱਖਿਆ ਵੱਲ ਸਾਵਧਾਨੀ ਵਰਤਣ ਵਾਲਾ ਹੋਵੇ। ਕਰਾਊਨ ਪ੍ਰੌਸੀਕਿਊਟਰ (ਸਰਕਾਰੀ ਵਕੀਲ) ਤੋਂ ਅਦਾਲਤਾਂ ਬਹੁਤ ਜ਼ਿਆਦਾ ਉਮੀਦ ਰੱਖਦੀਆਂ ਹਨ। ਕਮਿਊਨਟੀ ਕਰਾਊਨ ਪ੍ਰੌਸੀਕਿਊਟਰ ਨੂੰ ਅਥਾਰਟੀ ਦੇ ਇਕ ਚਿੰਨ੍ਹ ਵਜੋਂ ਅਤੇ ਮੁਜਰਮਾਨਾ ਮਾਮਲਿਆਂ ਵਿਚ ਕਮਿਊਨਟੀ ਦੇ ਇਕ ਬੁਲਾਰੇ ਵਜੋਂ ਦੇਖਦੀ ਹੈ... ਅਦਾਲਤਾਂ ਅਤੇ ਲੋਕਾਂ ਨੂੰ ਕਰਾਊਨ ਪ੍ਰੌਸੀਕਿਊਟਰ 'ਤੇ ਬਹੁਤ ਭਰੋਸਾ ਹੁੰਦਾ ਹੈ।*
>
> (R v Logiacco (1984), 11 CCC (3d) 374 (Ont CA), per Cory JA)

## ਕਾਨੂੰਨ ਦਾ ਰਾਜ

ਮੁਕੱਦਮੇ ਦੀਆਂ ਸੇਵਾਵਾਂ ਦੇਣ ਵਿਚ, ਬਰਾਂਚ ਕਾਨੂੰਨ ਦੇ ਰਾਜ (ਰੂਲ ਔਫ ਲਾਅ) ਦੇ ਆਧਾਰ ’ਤੇ ਚਲਾਈ ਜਾਂਦੀ ਹੈ ਅਤੇ ਇਸ ’ਤੇ ਪਹਿਰਾ ਦਿੰਦੀ ਹੈ। ਕਾਨੂੰਨ ਦਾ ਰਾਜ ਇਹ ਮੰਨਦਾ ਹੈ ਅਤੇ ਅਸਲ ਵਿਚ ਸੰਵਿਧਾਨਕ ਤੌਰ ’ਤੇ ਮੰਗ ਕਰਦਾ ਹੈ ਕਿ ਮੁਜਰਮਾਨਾ ਕੇਸਾਂ ਵਿਚ ਕਾਨੂੰਨ ਨੂੰ ਲਾਗੂ ਕਰਨ ਵੇਲੇ ਜੱਜ ਅਤੇ ਜਿਊਰੀਆਂ ਆਪਣੇ ਅੱਗੇ ਆਏ ਸਬੂਤਾਂ ਨੂੰ ਨਿਰਪੱਖਤਾ ਨਾਲ ਵਿਚਾਰਨਗੇ, ਜਿਸ ਵਿਚ ਗਵਾਹਾਂ ਵਲੋਂ ਦਿੱਤੇ ਸਬੂਤ ਸ਼ਾਮਲ ਹਨ ਅਤੇ ਇਹ ਕਿ ਕਾਨੂੰਨ ਅੱਗੇ ਸਾਰੇ ਵਿਅਕਤੀ ਬਰਾਬਰ ਹਨ। ਇਨਸਾਫ ਦੇ *ਅਰਧ*-ਅਦਾਲਤੀ ਮਨਿਸਟਰਾਂ ਵਜੋਂ ਆਪਣਾ ਰੋਲ ਨਿਭਾਉਣ ਵੇਲੇ, ਕਰਾਊਨ ਕੌਂਸਲ (ਸਰਕਾਰੀ ਵਕੀਲ) ਦਾ ਇਹ ਫਰਜ਼ ਹੈ ਕਿ ਉਹ ਦੋਨਾਂ ਅਸੂਲਾਂ ਤੋਂ ਜਾਣੂ ਰਹੇ ਅਤੇ ਇਨ੍ਹਾਂ ਦਾ ਆਦਰ ਕਰੇ ਅਤੇ ਬਿਨਾਂ ਕਿਸੇ ਤਰਫਦਾਰੀ, ਪੱਖਪਾਤ, ਜਾਂ ਲਿਹਾਜ਼ ਦੇ ਉਨ੍ਹਾਂ ਨੂੰ ਤਨਦੇਹੀ ਨਾਲ ਲਾਗੂ ਕਰੇ। ਖਾਸ ਤੌਰ ’ਤੇ, ਕਰਾਊਨ ਕੌਂਸਲ ਇਹ ਮਿੱਥ ਕੇ ਹਰ ਕੇਸ ਦੀ ਮਜ਼ਬੂਤੀ ਦਾ ਪਤਾ ਲਾਵੇਗਾ ਕਿ ਜੱਜ ਜਾਂ ਜੱਜ ਅਤੇ ਜਿਊਰੀ ਵੀ ਇਨ੍ਹਾਂ ਅਸੂਲਾਂ ਮੁਤਾਬਕ ਕੰਮ ਕਰਨਗੇ।

## ਸੰਤੁਲਨ ਦੀ ਪਾਲਸੀ ਅਤੇ ਮੁਕੱਦਮਾ ਚਲਾਉਣ ਦਾ ਅਖਤਿਆਰ

ਪਾਲਸੀ ਦਾ ਮੁੱਖ ਮੰਤਵ ਬੁਨਿਆਦੀ ਮਸਲਿਆਂ ਬਾਰੇ ਆਪਣਾ ਫੈਸਲਾ ਕਰਨ ਵਿਚ ਕਰਾਊਨ ਕੌਂਸਲ ਦੀ ਮਦਦ ਕਰਨਾ ਹੈ। ਖਾਸ ਪਾਲਸੀਆਂ ਲੋਕਾਂ ਦੇ ਢੁਕਵੇਂ ਹਿਤ ਦਾ ਅਕਸ ਦਿਖਾਉਂਦੀਆਂ ਹਨ ਅਤੇ ਅਖਤਿਆਰ ਦੀ ਵਰਤੋਂ ਲਈ ਢਾਂਚਾ ਪ੍ਰਦਾਨ ਕਰਦੀਆਂ ਹਨ। ਜਦੋਂ ਵੀ ਢੁਕਵਾਂ ਹੋਵੇ ਕਰਾਊਨ ਕੌਂਸਲ ਅਗਾਂਹ ਹੋਰ ਸਲਾਹ ਅਤੇ ਮਨਜ਼ੂਰੀ ਲੈਂਦਾ ਹੈ। ਪਾਲਸੀਆਂ ਉਸ ਨਿਆਂ ਸ਼ਾਸਤਰ ਦਾ ਅਕਸ ਵੀ ਦਿਖਾਉਂਦੀਆਂ ਹਨ ਜਿਹੜਾ ਮੁਕੱਦਮਾ ਚਲਾਉਣ ਦੇ ਅਖਤਿਆਰ ਦੇ ਖੇਤਰ ਅਤੇ ਇਸ ਨੂੰ ਸਹੀ ਤਰ੍ਹਾਂ ਲਾਗੂ ਕਰਨ ਲਈ ਲੋੜੀਂਦਾ ਹੈ।

ਇੱਥੋਂ ਤੱਕ ਕਿ ਬਹੁਤ ਹੀ ਸੀਨੀਅਰ ਕਰਾਊਨ ਕੌਂਸਲ ਵੀ ਸਾਥੀਆਂ ਦੀ ਸਲਾਹ ਲਵੇਗਾ ਅਤੇ, ਜਦੋਂ ਪਾਲਸੀ ਮੰਗ ਕਰਦੀ ਹੋਵੇ ਤਾਂ ਸੁਪਰਵਾਈਜ਼ਰਾਂ ਦੀ ਮਨਜ਼ੂਰੀ ਲਵੇਗਾ। ਕਾਨੂੰਨੀ ਦ੍ਰਿਸ਼ ਬਦਲਦਾ ਰਹਿੰਦਾ ਹੈ: ਕਾਨੂੰਨ ਅਤੇ ਨਿਆਂ ਸ਼ਾਸਤਰ, ਟੈਕਨੌਲੋਜੀ, ਕੋਰਟ ਦੇ ਨਿਯਮ, ਅਤੇ ਕਾਰਵਾਈਆਂ। ਪ੍ਰੈਕਟਿਸ ਜਾਂ ਕਾਰਵਾਈ ਦੇ ਨਾਵਾਕਫ਼ ਖੇਤਰਾਂ ਵਿਚ ਪਾਲਸੀ ਨੂੰ ਦੇਖਣਾ ਖਾਸ ਤੌਰ ’ਤੇ ਮਦਦ ਕਰਨ ਵਾਲਾ ਹੋ ਸਕਦਾ ਹੈ।

ਮੁਕੱਦਮੇ ਦੀ ਪੈਰਵੀ ਬਾਰੇ ਅਖਤਿਆਰ ਦਾ ਸੰਵਿਧਾਨਕ ਅਤੇ ਇਤਿਹਾਸਕ ਸੰਦਰਭ ਹੈ। ਇਹ ਸਿਰਫ ਸਾਡੀਆਂ ਕਾਨੂੰਨੀ ਰਵਾਇਤਾਂ ਅਤੇ ਨਿਆਂ ਸ਼ਾਸਤਰ ਦੇ ਢਾਂਚੇ ਦੇ ਅੰਦਰ ਅੰਦਰ ਹੀ ਵਰਤਿਆ ਜਾਂਦਾ ਹੈ। ਅਟਾਰਨੀ ਜਨਰਲ ਦੇ ਨਿਯੁਕਤ ਏਜੰਟ ਵਜੋਂ, ਕਰਾਊਨ ਕੌਂਸਲ ਵਡੇਰੇ ਨਿਆਂ ਸਿਸਟਮ ਦੇ ਅੰਦਰ ਕੰਮ ਕਰਦਾ ਹੈ ਅਤੇ ਆਪਣੀ ਮੁਹਾਰਤ ਨੂੰ ਪਹਿਲੀਆਂ ਮਿਸਾਲਾਂ ਦੇ ਅੰਦਰ ਰੱਖਦਾ ਹੈ ਜਿਹੜੀਆਂ ਕਾਨੂੰਨੀ ਨਿਆਂ ਸ਼ਾਸਤਰ ਵਿਚ ਸਦੀਆਂ ਤੋਂ ਚਲੀਆਂ ਆਈਆਂ ਹਨ।

ਬੁਨਿਆਦੀ ਤੌਰ ’ਤੇ ਅਟਾਰਨੀ ਜਨਰਲ ਸੂਬੇ ਵਿਚਲੇ ਸਾਰੇ ਮੁਕੱਦਮਿਆਂ ਲਈ ਜ਼ਿੰਮੇਵਾਰ ਹੈ, ਅਤੇ ਉਸ ਲਈ ਆਜ਼ਾਦ ਅਤੇ ਨਿਆਂਪੂਰਨ ਤਰੀਕੇ ਨਾਲ ਆਪਣਾ ਸੰਵਿਧਾਨਕ ਰੋਲ ਨਿਭਾਉਣਾ ਜ਼ਰੂਰੀ ਹੈ। ਅਟਾਰਨੀ ਜਨਰਲ ਇਹ ਕੰਮ ਕਰਾਊਨ ਕੌਂਸਲ ਨੂੰ ਸੌਂਪਦਾ ਹੈ, ਜੋ ਕਿ ਅਟਾਰਨੀ ਜਨਰਲ ਦੀ ਤਰਫੋਂ ਮੁਕੱਦਮਾ ਚਲਾਉਂਦਾ ਹੈ। ਅਟਾਰਨੀ ਜਨਰਲ ਇਸ ਕੰਮ ਦੀ ਨਿਗਰਾਨੀ ਕਰਦਾ ਹੈ ਅਤੇ ਬਦਲੇ ਵਿਚ ਮੁਕੱਦਮਾ ਚਲਾਉਣ ਦੀ ਸਾਰੀ ਅਥਾਰਟੀ ਲਾਗੂ ਕਰਨ ਲਈ ਵਿਧਾਨ ਸਭਾ ਅੱਗੇ ਜਵਾਬਦੇਹ ਰਹਿੰਦਾ ਹੈ।

ਕਰਾਊਨ ਕੌਂਸਲ ਇਸ ਢੰਗ ਨਾਲ ਆਜ਼ਾਦ ਹਨ ਕਿ ਉਹ ਉਸੇ ਆਜ਼ਾਦ ਅਖਤਿਆਰ ਦੀ ਵਰਤੋਂ ਕਰਦੇ ਹਨ ਜਿਹੜਾ ਅਟਾਰਨੀ ਜਨਰਲ ਦੇ ਰੋਲ ਵਿੱਚ ਪੱਕੇ ਤੌਰ ’ਤੇ ਸਮੋਇਆ ਹੋਇਆ ਹੈ। ਫਿਰ ਵੀ, ਅਟਾਰਨੀ ਜਨਰਲ ਦੇ ਏਜੰਟ ਵਜੋਂ, ਕਰਾਊਨ ਕੌਂਸਲ ਆਪਣਾ ਅਖਤਿਆਰ ਵਰਤਣ ਵੇਲੇ ਅਟਾਰਨੀ ਜਨਰਲ ਨੂੰ ਪੱਕੇ ਤੌਰ ’ਤੇ ਸ਼ਾਮਲ ਨਹੀਂ ਕਰ ਸਕਦਾ।

ਪਾਲਸੀ ਅਟਾਰਨੀ ਜਨਰਲ ਤੋਂ ਜਵਾਬਦੇਹੀ ਅਤੇ ਮੁਕੱਦਮਾ ਚਲਾਉਣ ਦੇ ਅਖਤਿਆਰ ਨੂੰ ਇਕਸਾਰ ਅਤੇ ਸਿਧਾਂਤ ਨਾਲ ਲਾਗੂ ਕਰਨ ਦੀ ਮੰਗ ਕਰਦੀ ਹੈ। ਆਖਿਰ ਨੂੰ ਇਸ ਦਾ ਟੀਚਾ ਨਿਆਂ ਸਿਸਟਮ ਵਿਚ ਲੋਕਾਂ ਦੇ ਭਰੋਸੇ ਵਿਚ ਵਾਧਾ ਕਰਨਾ ਹੈ।

ਦੂਜੇ ਪਾਸੇ, ਮੁਕੱਦਮਾ ਚਲਾਉਣ ਦੇ ਅਖਤਿਆਰ ਦੀ ਸਹੀ ਵਰਤੋਂ, ਹਰ ਫੈਸਲੇ ਲਈ ਪਾਲਸੀ ਨੂੰ ਗੁਲਾਮਾਂ ਵਾਂਗ ਲਾਗੂ ਕਰਨ ਦੀ

ਨਾ ਤਾਂ ਮੰਗ ਕਰਦੀ ਹੈ ਅਤੇ ਨਾ ਹੀ ਇਸ ਦੀ ਆਗਿਆ ਦਿੰਦੀ ਹੈ। ਪਾਲਸੀ ਸੇਧ ਦਿੰਦੀ ਹੈ, ਪਰ ਇਹ ਹਰ ਕੇਸ ਦੇ ਨਤੀਜੇ ਦਾ ਹੁਕਮ ਨਹੀਂ ਦੇ ਸਕਦੀ ਅਤੇ ਨਾ ਹੀ ਇਸ ਨੂੰ ਦੇਣਾ ਚਾਹੀਦਾ ਹੈ। ਕਰਾਊਨ ਕੌਂਸਲ ਨੂੰ ਅਜਿਹੇ ਫੈਸਲੇ ਕਰਨ ਦੀ ਲੋੜ ਹੈ ਜਿਹੜੇ ਹਰ ਕੇਸ ਦੀਆਂ ਵਿਲੱਖਣ ਹਾਲਤਾਂ ਮੁਤਾਬਕ ਸੂਤ ਬਹਿੰਦੇ ਹੋਣ।

ਪਾਲਸੀਆਂ ਇਹ ਮੰਗ ਕਰ ਸਕਦੀਆਂ ਹਨ ਕਿ ਪਬਲਿਕ ਦੇ ਖਾਸ ਹਿੱਤਾਂ ਨੂੰ ਵਿਚਾਰਿਆ ਜਾਵੇ ਜਾਂ ਇਹ ਮੰਗ ਕਰ ਸਕਦੀਆਂ ਹਨ ਕਿ ਬਰਾਂਚ ਦੇ ਖਾਸ ਸੀਨੀਅਰ ਮੈਂਬਰਾਂ ਨਾਲ ਸਲਾਹ ਕੀਤੀ ਜਾਵੇ ਜਾਂ ਢੁਕਵੀਂਆਂ ਹਾਲਤਾਂ ਵਿਚ ਮਨਜ਼ੂਰੀ ਦਿੱਤੀ ਜਾਵੇ। ਫਿਰ ਵੀ, ਪਾਲਸੀ ਨੂੰ ਕਰਾਊਨ ਕੌਂਸਲ ਦੇ ਮੁਕੱਦਮਾ ਚਲਾਉਣ ਦੇ ਅਖਤਿਆਰ ਵਿਚ ਪੂਰੀ ਤਰ੍ਹਾਂ ਰੁਕਾਵਟ ਨਹੀਂ ਪਾਉਣੀ ਚਾਹੀਦੀ। ਇਨਸਾਫ ਦੇ ਮਨਿਸਟਰ ਦੇ ਰੋਲ ਦੀ ਆਜ਼ਾਦੀ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਇਸ ਕਾਰਨ ਕਰਕੇ, ਬਹੁਤ ਘੱਟ ਪਾਲਸੀਆਂ ਵਿਚ ਲਾਜ਼ਮੀ ਆਦੇਸ਼ ਹਨ। ਜਿੱਥੇ ਇਹ ਹਨ, ਉੱਥੇ ਇਹ ਆਮ ਤੌਰ ’ਤੇ ਖਾਸ ਪੱਖਾਂ ਨੂੰ ਵਿਚਾਰਨ ਲਈ ਥਾਂ ਛੱਡਦੇ ਹਨ ਤਾਂ ਜੋ ਇਹ ਪੱਕਾ ਹੋਵੇ ਕਿ ਅਖਤਿਆਰ ਦੀ ਵਰਤੋਂ ਕਰਦੇ ਵਕਤ ਕਿਸੇ ਖਾਸ ਕੇਸ ’ਤੇ ਅਸਰ ਪਾਉਣ ਵਾਲੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਿਆ ਜਾ ਸਕੇ। ਇੱਥੋਂ ਤੱਕ ਕਿ ਜਿੱਥੇ ਪਾਲਸੀਆਂ ਸਪਸ਼ਟ ਰੂਪ ਵਿਚ ਇਹ ਨਹੀਂ ਵੀ ਦੱਸਦੀਆਂ, ਕਿਸੇ ਪਾਲਸੀ ਨੂੰ ਛੱਡਣ ਲਈ ਕਰਾਊਨ ਕੌਂਸਲ ਸਦਾ ਏ ਡੀ ਏ ਜੀ ਦੀ ਸਹਿਮਤੀ ਲੈ ਸਕਦਾ ਹੈ ਜੇ ਮੁਕੱਦਮਾ ਚਲਾਉਣ ਲਈ ਅਖਤਿਆਰ ਨੂੰ ਲਾਗੂ ਕਰਨ ਵੇਲੇ ਕਰਾਊਨ ਕੌਂਸਲ ਨਿਆਂਪੂਰਨ ਨਤੀਜੇ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਜ਼ਰੂਰੀ ਸਮਝਦਾ ਹੋਵੇ।